ਪੰਜਾਬ ਸਰਕਾਰ
ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ
(ਸਮਾਜਿਕ ਸੁਰੱਖਿਆ ਸਾਖਾ)

ਅਤਿ ਜ਼ਰੂਰੀ

ਸੇਵਾ ਵਿਖੇ

ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ।
ਮੀਮੋ ਨੰ: 3/13/2014-2ਸਸ/ 1367618/1
ਮਿਤੀ ਚੰਡੀਗੜ੍ਹ। 05/12/18

ਵਿਸ਼ਾ: ਮਾਈ ਭਾਗੋ ਵਿੱਦਿਆ ਸਕੀਮ ਅਧੀਨ ਸਾਲ 2018-19 ਦੌਰਾਨ +1 ਅਤੇ +2 ਦੀਆਂ ਸਰਕਾਰੀ ਸਕੂਲਾਂ ਵਿਚ ਪੜਦੀਆ ਵਿਦਿਆਰਥਣਾਂ ਨੂੰ ਸਾਇਕਲ ਮਹੁਈਆ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਸਾਲ 2018-19 ਦੌਰਾਨ ਮਾਈ ਭਾਗੋ ਵਿਦਿਆ ਸਕੀਮ ਤਹਿਤ ਸਰਕਾਰੀ ਸਕੂਲਾਂ ਵਿੱਚ ਪੜਦੀਆ +1 ਅਤੇ +2 ਦੀਆਂ ਵਿਦਿਆਰਥਣਾਂ ਨੂੰ ਮੁਫਤ ਬਾਈ ਸਾਇਕਲ ਦਿੱਤੇ ਜਾਣੇ ਹਨ।

ਇਸ ਸਬੰਧ ਵਿਚ ਕੰਟਰੋਲਰ ਆਫ ਸਟੋਰਜ਼, ਪੰਜਾਬ ਵਲੋ ਪੱਤਰ ਨੰ. 7/30/2018-19/Cont./Engg./11920-34 ਮਿਤੀ 30.10.2018 ਰਾਹੀ ਸਾਲ 2018-19 ਦੌਰਾਨ +1 ਅਤੇ +2 ਦੀਆਂ ਸਰਕਾਰੀ ਸਕੂਲਾਂ ਵਿਚ ਪੜਦੀਆ ਵਿਦਿਆਰਥਣਾਂ ਨੂੰ ਸਾਇਕਲ ਮਹੁਈਆ ਕਰਵਾਉਣ ਸਬੰਧੀ Rate Contract (ਨੱਥੀ) ਕੀਤੇ ਗਏ ਹਨ। ਇਸ ਪੱਤਰ ਰਾਹੀ ਹੇਠ ਲਿਖਿਆ ਤਿੰਨ ਫਰਮਾਂ ਨੂੰ L-1, L-2 ਅਤੇ L-3 ਐਲਾਨਿਆ ਗਿਆ ਹੈ:-

| Sr. No | Name of the parties | Status of the Parties | % Distribution |
|---|---|---|---|
| 1 | M/s Kohinoor Cycles Ltd., Ludhiana | L-1 | 50% |
| 2 | M/s Ravi Industries, Ludhiana | L-2 | 30% |
| 3 | M/s Jindal Fine Industries, Ludhiana | L-3 | 20% |

ਉਕਤ ਫਰਮਾਂ ਨਾਲ ਕੰਟਰੋਲਰਜ਼ ਆਫ ਸਟੋਰ ਪੰਜਾਬ ਵਲੋ ਹੇਠ ਲਿਖੇ ਅਨੁਸਾਰ ਫਾਇਨਲ Rate Contract ਕੀਤਾ ਗਿਆ ਹੈ:-

| Description of Stores/ Specifications | Basic Rate per Bicycle |
|---|---|
| Girls Bicycle 20" | Rs. 2571/- |

The above rates are F.O.R. destination, GST @12% extra (or presently applicable)

ਇਸ ਸਬੰਧ ਵਿਚ ਮਾਈ ਭਾਗੋ ਵਿਦਿਆ ਸਕੀਮ ਅਧੀਨ ਜਿਲਿਆਂ ਵਿਚ ਸਾਈਕਲਾਂ ਦੀ ਵੰਡ ਕਰਨ ਸਬੰਧੀ ਹੇਠ ਲਿਖੇ ਅਨੁਸਾਰ ਵਿਧੀ ਅਪਣਾਈ ਜਾਵੇਗੀ:-

1) ਜਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਕਮੇਟੀ ਗਠਿਤ ਕੀਤੀ ਜਾਂਦੀ ਹੈ। ਜਿਸ ਵਿਚ ਜਿਲ੍ਹਾ ਸਿਖਿਆ ਅਫਸਰ ਅਤੇ ਜਿਲ੍ਹਾ ਪ੍ਰੋਗਰਾਮ ਅਫਸਰ ਮੈਂਬਰ ਹੋਣਗੇ।

2) ਜਿਲ੍ਹਾ ਪੱਧਰੀ ਕਮੇਟੀ +1 ਅਤੇ +2 ਦੀਆ ਵਿਦਿਆਰਥਣਾਂ ਦੀ ਗਿਣਤੀ ਅਨੁਸਾਰ ਉਕਤ ਕੰਪਨੀਆ ਨੂੰ 50%, 30% ਅਤੇ 20% ਦੇ ਅਨੁਪਾਤ ਨਾਲ ਆਰਡਰ ਦੇਵੇਗੀ।

3) ਜਿਲ੍ਹਾ ਪੱਧਰੀ ਕਮੇਟੀ ਵਲੋ ਸਮੂਹ ਜਿਲਿਆ ਦੇ ਸਕੂਲਾਂ ਨੂੰ ਰੇਟ ਕੰਟਰੈਕਟ ਅਧੀਨ ਪ੍ਰਵਾਨਤ ਕੰਪਨੀਆ ਵਿਚ ਵੰਡਿਆ ਜਾਵੇ ਅਤੇ ਇਕ ਸਕੂਲ ਵਿਚ ਆਮ ਤੌਰ ਤੇ ਇਕ ਕੰਪਨੀ ਨੂੰ ਹੀ ਸਪਲਾਈ ਆਰਡਰ ਦਿੱਤੇ ਜਾਣ। ਸਾਈਕਲਾਂ ਦੀ ਪਹੁੰਚ ਸਬੰਧਤ ਜਿਲਿਆ ਦੇ ਸਬੰਧਤ ਸਕੂਲਾਂ ਵਿਚ ਕੰਪਨੀਆ ਵਲੋ ਕੀਤੀ ਜਾਣੀ ਹੈ। ਕਿਸ ਸਕੂਲ ਦੇ ਵਿਚ ਕਿਸ ਕੰਪਨੀ ਵਲੋਂ ਕਿੰਨੀ ਗਿਣਤੀ ਵਿਚ ਸਾਈਕਲ ਭੇਜੇ ਜਾਣੇ ਹਨ, ਇਸ ਦੀ ਅਗੇਤੀ ਸੂਚਨਾ ਜਿਲ੍ਹਾ ਪੱਧਰੀ ਕਮੇਟੀ ਵਲੋ ਸਕੂਲ ਦੇ ਮੁੱਖੀ ਨੂੰ ਦਿੱਤੀ ਜਾਵੇਗੀ।

4) ਸਾਇਕਲ ਕੰਪਨੀ ਵਲੋ ਜਿਲ੍ਹਾ ਪੱਧਰੀ ਕਮੇਟੀ ਵਲੋ ਦਿੱਤੇ ਗਏ ਆਰਡਰ ਅਨੁਸਾਰ ਜਿਲ੍ਹਿਆ ਵਿਚ ਸਾਇਕਲ ਭੇਜਣ ਤੋ ਪਹਿਲਾਂ ਰੇਟ ਕੰਟਰੈਕਟ ਵਿਚ ਦਿੱਤੀ ਗਈ ਸ਼ਰਤ ਦੇ ਮੱਦੇਨਜ਼ਰ ਕੰਟਰੋਲਰ ਆਫ ਸਟੋਰਜ਼, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਨੁਮਾਇੰਦੇ ਅਤੇ Research and Development Centre, Ludhiana ਤੇ ਸਾਈਕਲਾਂ ਦਾ 100% Physical Check ਕਰਵਾਇਆ ਜਾਵੇਗਾ ਅਤੇ ਇਹਨਾਂ ਸਾਈਕਲਾਂ ਵਿਚੋ 500 ਸਾਈਕਲਾਂ ਪਿਛੇ ਇੱਕ ਸਾਈਕਲ ਦਾ Destructive ਟੈਸਟ ਵੀ ਕੀਤਾ ਜਾਵੇਗਾ।

Scanned by CamScanner

5) ਸਬੰਧਤ ਸਕੂਲ ਦੇ ਮੁੱਖੀ ਜਾ ਨਾਮਜਦ ਅਧਿਕਾਰੀ ਡਲਿਵਰੀ ਲੈਣ ਵੇਲੇ ਕੰਪਨੀ ਦਾ ਨਾਂ, ਬੈਚ ਨੰਬਰ ਅਤੇ ਸਾਈਕਲਾ ਦੀ ਗਿਣਤੀ ਹੇਠ ਲਿਖੇ ਅਨੁਸਾਰ ਨੋਟ ਕਰਨਗੇ:-

| ਲੜੀ ਨੰ: | ਕੰਪਨੀ ਦਾ ਨਾ | ਬੈਚ ਨੰ: | ਪਹੁੰਚ ਮਿਤੀ | ਸਾਈਕਲਾਂ ਦੀ ਗਿਣਤੀ |
|---|---|---|---|---|

6) ਕੰਟਰੋਲਰ ਆਫ ਸਟੋਰਜ, ਪੰਜਾਬ ਵਲੋ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਾਈਕਲਾਂ ਦੀ ਟੈਸਟਿੰਗ ਵੇਲੇ ਹਰ ਬੈਚ ਨੂੰ ਨੰਬਰ ਦਿਤਾ ਜਾਵੇ ਜੋ ਉਸ ਸਾਈਕਲ ਦਾ ਬੈਚ ਨੰਬਰ ਹੋਵੇਗਾ ਅਤੇ ਹੇਠ ਲਿਖੇ ਅਨੁਸਾਰ ਰਿਕਾਰਡ ਰੱਖਿਆ ਜਾਵੇ:-

| ਲੜੀ ਨੰ: | ਕੰਪਨੀ ਦਾ ਨਾਂ | ਟੈਸਟਿੰਗ ਦੀ ਮਿਤੀ | ਬੈਚ ਨੰਬਰ | ਬੈਚ ਵਿਚ ਸਾਈਕਲਾਂ ਦੀ ਗਿਣਤੀ | ਬੈਚ ਵਿਚ ਦਰਜ ਸਾਈਕਲਾ ਨੂੰ ਕਿਸ ਜਿਲੇ ਵਿਚ ਭੇਜਿਆ ਜਾ ਰਿਹਾ ਹੈ। |
|---|---|---|---|---|---|
| | | | | | |

ਉਪਰੋਕਤ ਸੂਚਨਾ ਅਹਿਮ ਅਤੇ ਜਰੂਰੀ ਹੈ ਕਿਉਕਿ ਉਪਰੋਕਤ ਲੜੀ ਨੰ: 5 ਅਤੇ 6 ਦੀ ਸੂਚਨਾ ਨੂੰ ਬਾਅਦ ਵਿਚ ਰੀਕਨਸਾਈਲ ਕਰਕੇ ਚੈਕ ਕੀਤਾ ਜਾਵੇਗਾ ਜੋ ਸਾਈਕਲ ਕੰਪਨੀਆ ਵਲੋ ਸਕੂਲਾਂ ਵਿਚ ਪਹੁੰਚਾਈ ਗਏ ਹਨ ਉਹ ਟੈਸਟ ਹੋਏ ਬੈਚ ਨਾਲ ਹੀ ਸਬੰਧ ਰੱਖਦੇ ਹਨ।

7) ਕੰਟਰੋਲਰ ਆਫ ਸਟੋਰਜ, ਪੰਜਾਬ ਵਲੋ ਲੜੀ ਨੰ: 6 ਤੇ ਦਰਜ ਸੂਚਨਾ ਸਬੰਧਤ ਜਿਲਿਆ ਦੇ ਡਿਪਟੀ ਕਮਿਸਨਰ ਨੂੰ ਭੇਜ ਦਿਤੀ ਜਾਵੇਗੀ ਅਤੇ ਸਬੰਧਤ ਡਿਪਟੀ ਕਮਿਸਨਰਜ ਵਲੋ ਲੜੀ ਨੰ: 6 ਤੇ ਦਰਜ ਸੂਚਨਾ ਨੂੰ ਕੰਪਾਈਲ ਕਰਵਾਉਣ ਉਪਰੰਤ, ਕੰਟਰੋਲਰ ਆਫ ਸਟੋਰਜ ਦੀ ਸੂਚਨਾ ਨਾਲ ਮਿਲਾਣ ਕਰਕੇ ਅੰਤਿਮ ਅਦਾਇਗੀ ਕੀਤੀ ਜਾਵੇਗੀ।

8) ਇਕ ਲੜਕੀ ਨੂੰ ਇਸ ਸਕੀਮ ਅਧੀਨ ਕੇਵਲ ਇਕ ਵਾਰ ਹੀ ਕਵਰ ਕੀਤਾ ਜਾਵੇਗਾ। ਜੇਕਰ ਮਾਈ ਭਾਗੋ ਵਿਦਿਆ ਸਕੀਮ ਅਧੀਨ ਵਿਦਿਆਰਥਣ ਵੱਲੋਂ ਪਹਿਲਾਂ ਕੋਈ ਸਾਈਕਲ ਪ੍ਰਾਪਤ ਕੀਤਾ ਗਿਆ ਹੈ ਤਾਂ ਉਸ ਨੂੰ ਦੁਬਾਰਾ ਸਾਈਕਲ ਨਹੀ ਦਿੱਤਾ ਜਾਵੇਗਾ ਅਤੇ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਲੜਕੀ ਵਲੋ ਇਸ ਸਕੀਮ ਅਧੀਨ ਜਾ ਸਰਕਾਰ ਵਲੋ ਚਲਾਈ ਗਈ ਕਿਸੇ ਹੋਰ ਸਕੀਮ ਅਧੀਨ ਪਹਿਲਾ ਸਾਇਕਲ ਪ੍ਰਾਪਤ ਨਾ ਕੀਤਾ ਹੋਵੇ। ਜਿਲ੍ਹਾ ਸਿੱਖਿਆ ਅਫਸਰ ਵਲੋ ਸਾਇਕਲ ਪ੍ਰਾਪਤ ਕਰਨ ਵਾਲੀ ਹਰ ਲੜਕੀ ਦੇ ਅਧਾਰ ਕਾਰਡ ਨੰਬਰ ਅਤੇ ਮੋਬਾਇਲ ਨੰਬਰ ਦੀ ਲਿਸਟ ਹੇਠ ਲਿਖੇ ਪ੍ਰੋਫਾਰਮੇ ਵਿਚ ਤਿਆਰ ਕੀਤੀ ਜਾਵੇਗੀ:-

| Sr. No. | Name of Student | Father name | Complete Address | Mobile No. of Student/parents | If previously received Cycle under Mai Bhago Vidya Scheme or any other Govt. scheme (Yes/No) |
|---|---|---|---|---|---|
| 1 | 2 | 3 | 4 | 5 | 6 |

9) ਸਾਇਕਲ ਦਾਅਵੇ ਲਈ ਇੰਨਚਾਰਜ ਟੀਚਰ ਦੀ ਸਿਫਾਰਸ ਅਤੇ ਸਕੂਲ ਦੇ ਮੁੱਖ ਅਧਿਆਪਕ/ ਪ੍ਰਿਸੀਪਲ ਵਲੋ ਤਸਦੀਕ ਨੂੰ ਅਧਾਰ ਮੰਨਿਆ ਜਾਵੇਗਾ।

10) ਜਿਸ ਸਕੂਲ ਦੀਆ ਵਿਦਿਆਰਥਣਾਂ ਨੂੰ ਸਾਇਕਲ ਦਿਤੇ ਜਾਣਗੇ, ਉਸ ਸਕੂਲ ਵਲੋ ਸਾਇਕਲ ਦੀ ਵੰਡ ਸਬੰਧੀ ਸਟਾਕ ਰਜਿਸਟਰ ਲਗਾਇਆ ਜਾਵੇਗਾ, ਜਿਸ ਵਿੱਚ ਸਾਇਕਲਾਂ ਦੀ ਪ੍ਰਾਪਤੀ ਅਤੇ ਵੰਡ ਸਬੰਧੀ ਪੂਰਾ ਰਿਕਾਰਡ ਰੱਖਿਆ ਜਾਵੇਗਾ।

11) ਜਿਲ੍ਹਾ ਪੱਧਰ ਤੇ ਗਠਿਤ ਕਮੇਟੀ ਵਲੋ ਸਾਈਕਲਾ ਦੀ ਪਹੁੰਚ ਉਪਰੰਤ ਵਿਭਾਗ ਵਲੋ ਜਾਰੀ ਕੀਤੀਆ ਸਪੈਸੀਫੀਕੇਸਨਾਂ ਦੇ ਮੱਦੇਨਜਰ (ਕਾਪੀ ਨੱਥੀ) ਅਨੁਸਾਰ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ, ਉਸ ਤੋ ਬਾਅਦ ਹੀ ਫਰਮ ਨੂੰ ਅੰਤਿਮ ਅਦਾਇਗੀ ਕੀਤੀ ਜਾਵੇਗੀ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਵਿੱਧੀ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਈ ਭਾਗੋ ਵਿਦਿਆ ਸਕੀਮ ਤਹਿਤ ਸਬੰਧਤ ਕੰਪਨੀਆ ਨੂੰ ਸਾਈਕਲਾਂ ਦੇ ਸਪਲਾਈ ਆਡਰ ਦਿੱਤੇ ਜਾਣ ਅਤੇ ਸਕੂਲਾਂ ਵਿੱਚ ਸਾਇਕਲਾਂ ਦੀ ਤੁਰੰਤ ਵੰਡ ਕਰਵਾਈ ਜਾਵੇ।

ਅਧੀਨ ਸਕੱਤਰ, ਸਮਾਜਿਕ ਸੁਰੱਖਿਆ

5-12-18

Scanned by CamScanner

ਪੰ.ਵਿ.ਪੰ.ਨੰ. 3/13/2016-2ਸਸ/1367618/2-13 ਮਿਤੀ, ਚੰਡੀਗੜ੍ਹ 5/12/18

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ / ਕਾਰਵਾਈ ਹਿੱਤ ਭੇਜਿਆ ਜਾਂਦਾ ਹੈ -

1 ਪ੍ਰਮੁੱਖ ਸਕੱਤਰ ਨੂੰ ਮਾਨਯੋਗ ਮੁੱਖ ਮੰਤਰੀ ਪੰਜਾਬ।

2. ਮੁੱਖ ਸਕੱਤਰ, ਪੰਜਾਬ।

3 ਪ੍ਰਮੁੱਖ ਸਕੱਤਰ, ਵਿੱਤ ਵਿਭਾਗ।

4 ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਪੰਜਾਬ।

5. ਪ੍ਰਮੁੱਖ ਸਕੱਤਰ, ਪਲਾਨਿੰਗ, ਪੰਜਾਬ।

6. ਡਾਇਰੈਕਟਰ, ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ,ਚੰਡੀਗੜ੍ਹ ਨੂੰ ਉਹਨਾਂ ਵੱਲੋਂ ਪ੍ਰਾਪਤ ਤਜਵੀਜ਼ ਡਾਇਰੀ ਨੰ 4195 ਮਿਤੀ 6-11-2018 ਦੇ ਹਵਾਲੇ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨਾਲ ਦਸਤਾਵੇਜ਼ ਨੱਥੀ ਕਰਕੇ ਭੇਜਣੇ ਯਕੀਨੀ ਬਣਾਏ ਜਾਣ ਜੀ।

7. ਕੰਟਰੋਲਰ ਆਫ ਸਟੋਰਜ਼, ਪੰਜਾਬ, ਚੰਡੀਗੜ੍ਹ।

8. ਡੀ.ਪੀ.ਆਈ (ਸੈਕੰਡਰੀ) ਪੰਜਾਬ, ਚੰਡੀਗੜ੍ਹ।

9 ਸਮੂਹ ਜਿਲ੍ਹਾ ਪ੍ਰੋਗਰਾਮ ਅਫਸਰ ਪੰਜਾਬ।

10. ਮੈਸਰਜ਼ ਕੋਹੀਨੂਰ ਸਾਈਕਲਜ਼ ਲਿਮਿਟਡ, ਲੁਧਿਆਣਾ।

11. ਮੈਸਰਜ਼ ਹਵੀ ਇੰਡਸਟਰੀਜ਼, ਲੁਧਿਆਣਾ।

12 ਮੈਸਰਜ਼ ਜਿੰਦਲ ਫਾਈਨ ਇੰਡਸਟਰੀਜ਼, ਲੁਧਿਆਣਾ।

ਸਹੀ/-
**ਅਧੀਨ ਸਕੱਤਰ, ਸਮਾਜਿਕ ਸੁਰੱਖਿਆ**

**ਅੰਦਰੂਨੀ ਵੰਡ:**

1. ਨਿੱਜੀ ਸਕੱਤਰ/ਮਾਨਯੋਗ ਸਮਾਜਿਕ ਸੁਰੱਖਿਆ ਮੰਤਰੀ, ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ,ਚੰਡੀਗੜ੍ਹ।
2. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ,ਚੰਡੀਗੜ੍ਹ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਸੰਗਰੂਰ
ਪਿੱਠ ਅੰਕਣ ਨੰ: ਜ-1/( ) 2018-19/633 ਮਿਤੀ 4/1/2019
ਉਪਰੋਕਤ ਦਾ ਉਤਾਰਾ ਸਮੂਹ ਪ੍ਰਿੰਸੀਪਲ ਸਾਹਿਬਾਨ ਸੰਗਰੂਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਪਰੋਕਤ ਪੱਤਰ ਵਿੱਚ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ। ਇਸ ਦਫਤਰ ਦੀ ਵੈੱਬ-ਸਾਈਟ ਤੇ ਸੂਚਨਾ ਅੱਜ ਹੀ ਭੇਜਣੀ ਯਕੀਨੀ ਬਣਾਈ ਜਾਵੇ।

ਇਕਬਾਲ ਸਿੰਘ 4/1/19.
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਸੰਗਰੂਰ

Scanned by CamScanner